# ਨਗਰ ਨਿਗਮ ਜਲੰਧਰ

# ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ
# ਮਿਤੀ **27.10.2020**
# ਦੀ ਕਾਰਵਾਈ

(ਮਤਾ ਨੰ: **243-253** )

ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 27.10.2020 ਨੂੰ ਮੇਅਰ ਜੀ ਦੇ ਦਫਤਰ, ਨਗਰ ਨਿਗਮ ਵਿਖੇ, ਉਹਨਾਂ ਦੀ ਪ੍ਰਧਾਨਗੀ ਹੇਠ ਹੋਈ, ਦੀ ਕਾਰਵਾਈ।

ਮੀਟਿੰਗ ਵਿਚ ਹੇਠ ਲਿਖੇ ਅਨੁਸਾਰ ਹਾਜਰ ਹੋਏ:-

1. ਸ੍ਰੀ ਜਗਦੀਸ਼ ਰਾਜ ਰਾਜਾ, ਮੇਅਰ ................................ ਚੇਅਰਮੈਨ
2. ਸ੍ਰੀ ਕਰਨੇਸ਼ ਸ਼ਰਮਾ, ਆਈ.ਏ.ਐਸ., ਕਮਿਸ਼ਨਰ, ................ ਮੈਂਬਰ
3. ਸ੍ਰੀਮਤੀ ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ, ............. ਮੈਂਬਰ
4. ਸ੍ਰੀ ਗਿਆਨ ਚੰਦ, ਕੌਂਸਲਰ ........................................ ਮੈਂਬਰ
5. ਸ੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ .............. ਮੈਂਬਰ

ਮੀਟਿੰਗ ਸ਼ੁਰੂ ਹੋਣ ਤੇ ਮੇਅਰ ਜੀ ਨੇ ਰੈਗੂਲਰ ਅਜੰਡੇ ਦੀਆਂ ਮੱਦਾਂ ਲੜੀਵਾਰ ਪੜ੍ਹਨ ਦੇ ਆਦੇਸ਼ ਦਿੱਤੇ ।

ਸਹੀ/-ਜਗਦੀਸ ਰਾਜ ਰਾਜਾ, ਮੇਅਰ
27.10.2020

ਮਤਾ ਨੰ: 243
ਵਿਸ਼ਾ:- ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਹੋਈ ਮੀਟਿੰਗ ਮਿਤੀ 9.10.2020 ਦੀ ਪੁਸ਼ਟੀ ਬਾਰੇ।

ਨਗਰ ਨਿਗਮ, ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 9.10.2020 ਨੂੰ ਹੋਈ ਦੀ ਕਾਰਵਾਈ ਮੀਟਿੰਗ ਤੋਂ ਪਹਿਲਾਂ ਹੀ ਸਬੰਧਤ ਕੌਂਸਲਰ/ਮੈਂਬਰ ਸਾਹਿਬਾਨਾਂ ਨੂੰ ਭੇਜੀ ਜਾ ਚੁੱਕੀ ਹੈ, ਪੁਸ਼ਟੀ ਹਿਤ ਪੇਸ਼ ਹੈ ਜੀ ।

ਫੈਸਲਾ:

- ਮਿਤੀ 24.7.2020 ਦੀ ਮੱਦ ਨੰ: 108 ਅਤੇ 109 ਸਬੰਧੀ ਮਿਤੀ 27.10.2020 ਨੂੰ ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਪੁਰਾਣੇ ਕੰਮ ਅਤੇ ਨਵੇਂ ਕੰਮਾਂ ਦੇ ਟੈਂਡਰਾਂ ਦੇ ਜ਼ੋ ਸੀਵਰੇਜ਼ ਬੋਰਡ ਵਲੋਂ ਕੰਮ ਕਰਵਾਏ ਗਏ ਸਨ ਦੀ ਮਿਸਲ ਮੀਟਿੰਗ ਵਿਚ ਮੇਅਰ ਜੀ ਨੂੰ ਪੇਸ਼ ਕੀਤੀ ਗਈ। ਜਿਸ ਤੇ ਮੇਅਰ ਜੀ ਨੇ ਹਦਾਇਤ ਕੀਤੀ ਕਿ ਜਿਹੜੀ ਹਰੇਕ ਮਹੀਨੇ 7,25,000/-ਰੁਪਏ ਦੀ ਅਦਾਇਗੀ ਸੀਵਰੇਜ਼ ਬੋਰਡ ਨੂੰ ਕੀਤੀ ਜਾਂਦੀ ਹੈ ਸਬੰਧੀ ਸਾਰੀ ਡਿਟੇਲ ਦੱਸੀ ਜਾਵੇ ਤਾਂ ਜ਼ੋ ਅਗਲੀ ਮੀਟਿੰਗ ਵਿਚ ਇਸ ਦਾ ਨਿਪਟਾਰਾ ਕੀਤਾ ਜਾ ਸਕੇ।
- ਮਿਤੀ 14.8.2020 ਦੀ ਮੱਦ ਨੰ: 127 ਤੇ ਵਿਚਾਰ ਕਰਨ ਉਪਰੰਤ ਕਮਿਸ਼ਨਰ ਜੀ ਨੇ ਦੱਸਿਆ ਕਿ ਜਦੋਂ ਤੱਕ ਜੇ.ਈ. ਅਤੇ ਐਸ.ਡੀ.ਓ. ਦਾ ਹੋਰ ਅਰੇਜਮੈਂਟ ਨਹੀਂ ਹੁੰਦਾ ਉਦੋਂ ਤੱਕ ਆਊਟਸੋਰਸ ਤੇ ਰੱਖੇ ਗਏ ਸਟਾਫ ਵਲੋਂ ਵਰਕ ਬਿਲਾਂ/ਐਮ.ਬੀ. ਤੇ ਦਸਤਖ਼ਤ ਹੋਣ ਉਪਰੰਤ ਐਸ.ਡੀ.ਓ., ਅਤੇ ਜਿਥੇ ਐਸ.ਡੀ.ਓ. ਨਹੀਂ ਹਨ ਉਥੇ ਕਾਰਜਕਾਰੀ ਇੰਜੀਨੀਅਰ ਹਰੇਕ ਕੰਮ ਦੀ 100% ਚੈਕਿੰਗ ਕਰਨਗੇ ਅਤੇ ਉਸ ਉਪਰੰਤ ਹੀ ਨਿਗਰਾਨ ਇੰਜੀਨੀਅਰ ਦਸਤਖਤ ਕਰਨਗੇ ਤਾਂ ਜ਼ੋ ਇਹਨਾ ਸਾਰੇ ਅਧਿਕਾਰੀਆਂ ਦੀ ਜਿੰਮੇਵਾਰੀ ਬਣੀ ਰਹੇ। ਜਿਸ ਤੇ ਮੇਅਰ ਜੀ ਨੇ ਹਦਾਇਤ ਕੀਤੀ ਕਿ ਸਿਰਫ ਰੈਗੁਲਰ ਜੇ.ਈ., ਐਸ.ਡੀ.ਓ. ਅਤੇ ਕਾਰਜਕਾਰੀ ਇੰਜੀਨਿਅਰ ਹੀ ਐਮ.ਬੀ. ਤੇ ਦਸਤਖ਼ਤ ਕਰਨਗੇ । ਮੇਅਰ ਜੀ ਨੇ ਇਹ ਵੀ ਹਦਾਇਤ ਕੀਤੀ ਕਿ ਨਗਰ ਨਿਗਮ ਵਿਚ ਜਿੰਨੇ ਵੀ ਆਊਟਸੋਰਸ ਤੇ ਕਰਮਚਾਰੀ ਵੱਖ-ਵੱਖ ਸ਼ਾਖਾਵਾਂ ਵਿਚ ਰੱਖੇ ਹੋਏ ਹਨ ਦੀ ਪੂਰੀ ਡਿਟੇਲ ਜਿਵੇਂ ਕਿ ਕਰਮਚਾਰੀ ਦਾ ਨਾਮ, ਵਿਦਿਅਕ ਯੋਗਤਾ, ਕਿਸ ਪੋਸਟ ਤੇ ਕਦੋਂ ਤੋਂ ਕੰਮ ਕਰ ਰਿਹਾ ਹੈ ਅਤੇ ਸ਼ਾਖਾ ਦਾ ਨਾਮ ਲਿਖ ਕੇ ਅਗਲੀ ਮੀਟਿੰਗ ਤੋਂ ਪਹਿਲਾ-ਪਹਿਲਾਂ ਨਿਮਨ ਹਸਤਾਖਰ ਨੂੰ ਪੇਸ਼ ਕੀਤੀ ਜਾਵੇ।
- ਉਪਰੋਕਤ ਪ੍ਰੇਖਣਾਂ ਨਾਲ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।

ਸਹੀ/- ਜਗਦੀਸ ਰਾਜ ਰਾਜਾ, ਮੇਅਰ
27.10.2020

ਮਤਾ ਨੰ: 244

ਵਿਸ਼ਾ: Const. of Boundary wall of Wariana Dump. (ਜਨਰਲ ਫੰਡ) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 111.65 ਲੱਖ ਟੈਂਡਰ ਅਮਾਉਂਟ ਰੁ: 105.07 ਲੱਖ ਸੇਵਿੰਗ: 3.50%

ਫਰਮ ਦਾ ਨਾਂ:- ਭਾਗਵਤ ਇੰਜੀਨਿਅਰਸ ਐਂਡ ਕੰਟਰੈਕਟਰਸ।

ਟੈਂਡਰ ਕਾਲ ਕੀਤੇ:- ਦੂਜੀ ਵਾਰੀ। ਪ੍ਰਾਪਤ ਹੋਏ ਟੈਂਡਰ:- 01

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਹਾਊਸ ਦੇ ਮਤਾ ਨੰ: 142(8) ਮਿਤੀ 24.12.2019 ਰਾਹੀਂ ਪ੍ਰਵਾਨ ਕੀਤਾ । ਕਾਰਜਕਾਰੀ ਇੰਜੀਨੀਅਰ (ਬੀ. ਐਂਡ ਆਰ.) ਨੇ ਮਿਤੀ: 1.10.2020 ਰਾਹੀਂ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ. ਐਂਡ ਆਰ.) ਨੇ ਮਿਤੀ: 1.10.2020 ਰਾਹੀਂ ਅਪਣੀ ਸਹਿਮਤੀ ਦਿੱਤੀ ਹੈ।ਸੰਯੁਕਤ ਕਮਿਸ਼ਨਰ (ਸ਼) ਨੇ ਮਿਤੀ 6.10.2020 ਰਾਹੀਂ ਸਹਿਮਤੀ ਪ੍ਰਗਟਾਈ ਹੈ । ਕਮਿਸ਼ਨਰ ਜੀ ਨੇ ਮਿਤੀ 8.10.2020 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ । ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 10.10.2020 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

27.10.2020

ਮਤਾ ਨੰ: 245

ਵਿਸ਼ਾ: Const. of drain in Periphery of Wariana Dump. (ਜਨਰਲ ਫੰਡ) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 67.90 ਲੱਖ ਟੈਂਡਰ ਅਮਾਉਂਟ ਰੁ: 64.17 ਲੱਖ ਸੇਵਿੰਗ: 5.50%
ਫਰਮ ਦਾ ਨਾਂ:- ਭਾਗਵਤ ਇੰਜੀਨਿਅਰਸ ਐਂਡ ਕੰਟਰੈਕਟਰਸ।
ਟੈਂਡਰ ਕਾਲ ਕੀਤੇ:- ਦੂਜੀ ਵਾਰੀ। ਪ੍ਰਾਪਤ ਹੋਏ ਟੈਂਡਰ:- 01

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਹਾਊਸ ਦੇ ਮਤਾ ਨੰ: 142(4) ਮਿਤੀ 24.12.2019 ਰਾਹੀਂ ਪ੍ਰਵਾਨ ਕੀਤਾ । ਕਾਰਜਕਾਰੀ ਇੰਜੀਨੀਅਰ (ਬੀ. ਐਂਡ ਆਰ.) ਨੇ ਮਿਤੀ: 1.10.2020 ਰਾਹੀਂ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ. ਐਂਡ ਆਰ.) ਨੇ ਮਿਤੀ: 1.10.2020 ਰਾਹੀਂ ਅਪਣੀ ਸਹਿਮਤੀ ਦਿੱਤੀ ਹੈ।ਸੰਯੁਕਤ ਕਮਿਸ਼ਨਰ (ਜ਼) ਨੇ ਮਿਤੀ 6.10.2020 ਰਾਹੀਂ ਸਹਿਮਤੀ ਪ੍ਰਗਟਾਈ ਹੈ । ਕਮਿਸ਼ਨਰ ਜੀ ਨੇ ਮਿਤੀ 8.10.2020 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ । ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 10.10.2020 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ ਰਾਜ ਰਾਜਾ, ਮੇਅਰ
27.10.2020

ਮਤਾ ਨੰ: 246

ਵਿਸ਼ਾ: Const. of CC streets in Maqsudan Mohalla Nagar road, Moti Nagar, Rattan Nagar to New Amar Nagar and different streets in ward no. 71. (ਸ਼ਹਿਰੀ ਵਾਤਾਵਰਣ ਸੁਧਾਰ ਪ੍ਰੋਗਰਾਮ-2) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 113.54 ਲੱਖ ਟੈਂਡਰ ਅਮਾਉਂਟ ਰੁ: 95.54 ਲੱਖ ਸੇਵਿੰਗ: 15.85%
ਫਰਮ ਦਾ ਨਾਂ:- ਤਰਵਿੰਦਰ ਪਾਲ ਸਿੰਘ
ਟੈਂਡਰ ਕਾਲ ਕੀਤੇ:- ਦੂਜੀ ਵਾਰੀ। ਪ੍ਰਾਪਤ ਹੋਏ ਟੈਂਡਰ:- 03

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਮੇਅਰ ਜੀ ਨੇ ਮਿਤੀ 12.6.2020 ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰੀ ਦਿੱਤੀ ਹੈ । ਕਾਰਜਕਾਰੀ ਇੰਜੀਨੀਅਰ (ਬੀ. ਐਂਡ ਆਰ.) ਨੇ ਮਿਤੀ: 24.9.2020 ਰਾਹੀਂ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ. ਐਂਡ ਆਰ.) ਨੇ ਮਿਤੀ: 24.9.2020 ਰਾਹੀਂ ਅਪਣੀ ਸਹਿਮਤੀ ਦਿੱਤੀ ਹੈ।ਸੰਯੁਕਤ ਕਮਿਸ਼ਨਰ (ਸ਼) ਨੇ ਮਿਤੀ 29.9..2020 ਰਾਹੀਂ ਸਹਿਮਤੀ ਪ੍ਰਗਟਾਈ ਹੈ । ਕਮਿਸ਼ਨਰ ਜੀ ਨੇ ਮਿਤੀ 1.10.2020 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ । ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 7.10.2020 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ ਰਾਜ ਰਾਜਾ, ਮੇਅਰ
27.10.2020

ਮਤਾ ਨੰ: 247

ਵਿਸ਼ਾ: P/L of 60mm thick I/L Tiles in streets near Bharat Property Dealer, Near Bindra Cement Dealer and Near Guru Ravidass Mandir, T.E.Ph-3, Ward No. 41. (ਸ਼ਹਿਰੀ ਵਾਤਾਵਰਣ ਸੁਧਾਰ ਪ੍ਰੋਗਰਾਮ-2) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 109.71 ਲੱਖ ਟੈਂਡਰ ਅਮਾਉਂਟ ਰੁ: 89.44 ਲੱਖ ਸੇਵਿੰਗ: 18.48%
ਫਰਮ ਦਾ ਨਾਂ:- ਐਸ.ਐਸ.ਇੰਜੀਨਿਅਰਸ ਐਂਡ ਬਿਲਡਰਸ
ਟੈਂਡਰ ਕਾਲ ਕੀਤੇ:- ਦੂਜੀ ਵਾਰੀ। ਪ੍ਰਾਪਤ ਹੋਏ ਟੈਂਡਰ:- 02

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਮੇਅਰ ਜੀ ਨੇ ਮਿਤੀ 12.6.2020 ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ । ਕਾਰਜਕਾਰੀ ਇੰਜੀਨੀਅਰ (ਬੀ. ਐਂਡ ਆਰ.) ਨੇ ਮਿਤੀ: 1.10.2020 ਰਾਹੀਂ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ. ਐਂਡ ਆਰ.) ਨੇ ਮਿਤੀ: 1.10.2020 ਰਾਹੀਂ ਅਪਣੀ ਸਹਿਮਤੀ ਦਿੱਤੀ ਹੈ।ਸੰਯੁਕਤ ਕਮਿਸ਼ਨਰ (ਸ਼) ਨੇ ਮਿਤੀ 6.10.2020 ਰਾਹੀਂ ਸਹਿਮਤੀ ਪ੍ਰਗਟਾਈ ਹੈ । ਕਮਿਸ਼ਨਰ ਜੀ ਨੇ ਮਿਤੀ 8.10.2020 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ । ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 10.10.2020 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ ਰਾਜ ਰਾਜਾ, ਮੇਅਰ
27.10.2020

ਮਤਾ ਨੰ: 248

ਵਿਸ਼ਾ: P/L of BM and PC on different roads of Gate 1,2 and Jain Bhawan, Jalandhar Kunj, Ward No. 76 (ਸ਼ਹਿਰੀ ਵਾਤਾਵਰਣ ਸੁਧਾਰ ਪ੍ਰੋਗਰਾਮ-2) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 150.93 ਲੱਖ ਟੈਂਡਰ ਅਮਾਉਂਟ ਰੁ: 145.04 ਲੱਖ ਸੇਵਿੰਗ: 3.90%
ਫਰਮ ਦਾ ਨਾਂ:- ਭੂਸ਼ਨ ਛੁਰਾ ਐਂਡ ਕੰਪਨੀ
ਟੈਂਡਰ ਕਾਲ ਕੀਤੇ:- ਦੂਜੀ ਵਾਰੀ। ਪ੍ਰਾਪਤ ਹੋਏ ਟੈਂਡਰ:- 02

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਮੇਅਰ ਜੀ ਨੇ ਮਿਤੀ 12.6.2020 ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ । ਕਾਰਜਕਾਰੀ ਇੰਜੀਨੀਅਰ (ਬੀ. ਐਂਡ ਆਰ.) ਨੇ ਮਿਤੀ: 1.10.2020 ਰਾਹੀਂ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ. ਐਂਡ ਆਰ.) ਨੇ ਮਿਤੀ: 1.10.2020 ਰਾਹੀਂ ਅਪਣੀ ਸਹਿਮਤੀ ਦਿੱਤੀ ਹੈ।ਸੰਯੁਕਤ ਕਮਿਸ਼ਨਰ (ਸ਼) ਨੇ ਮਿਤੀ 6.10.2020 ਰਾਹੀਂ ਸਹਿਮਤੀ ਪ੍ਰਗਟਾਈ ਹੈ । ਕਮਿਸ਼ਨਰ ਜੀ ਨੇ ਮਿਤੀ 8.10.2020 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ । ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 10.10.2020 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ ਰਾਜ ਰਾਜਾ, ਮੇਅਰ
27.10.2020

ਮਤਾ ਨੰ: 249

ਵਿਸ਼ਾ: Development of park at Santokhpura, W.No. (ਅਮਰੁਤ ਫੰਡ) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 24.93 ਲੱਖ ਟੈਂਡਰ ਅਮਾਉਂਟ ਰੁ: 24.68 ਲੱਖ ਸੇਵਿੰਗ: 1.00%
ਫਰਮ ਦਾ ਨਾਂ:- ਸੁਰਜੀਤ ਸਿੰਘ ਨਾਗੀ
ਟੈਂਡਰ ਕਾਲ ਕੀਤੇ:- ਤੀਜੀ ਵਾਰੀ। ਪ੍ਰਾਪਤ ਹੋਏ ਟੈਂਡਰ:- 01

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਨੂੰ ਮੇਅਰ ਜੀ ਨੇ ਮਿਤੀ 12.6.2020 ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰੀ ਦਿੱਤੀ ਹੈ । ਕਾਰਜਕਾਰੀ ਇੰਜੀਨੀਅਰ (ਬੀ. ਐਂਡ ਆਰ.) ਨੇ ਮਿਤੀ: 8.10.2020 ਰਾਹੀਂ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ. ਐਂਡ ਆਰ.) ਨੇ ਮਿਤੀ: 10.10.2020 ਰਾਹੀਂ ਅਪਣੀ ਸਹਿਮਤੀ ਦਿੱਤੀ ਹੈ।ਸੰਯੁਕਤ ਕਮਿਸ਼ਨਰ (ਸ਼) ਨੇ ਮਿਤੀ 9.10.2020 ਰਾਹੀਂ ਸਹਿਮਤੀ ਪ੍ਰਗਟਾਈ ਹੈ । ਕਮਿਸ਼ਨਰ ਜੀ ਨੇ ਮਿਤੀ 13.10.2020 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ । ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 15.10.2020 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ ਰਾਜ ਰਾਜਾ, ਮੇਅਰ
27.10.2020

ਮਤਾ ਨੰ: 250

ਵਿਸ਼ਾ:- ਕਨਸਟਰਕਸ਼ਨ ਆਫ ਸਟਰੀਟਸ ਐਟ ਦੀਪ ਨਗਰ।

ਤਖਮੀਨਾ ਰੁ: 30.03 ਲੱਖ ਟੈਂਡਰ ਰਕਮ ਰੁ: 24.44 ਲੱਖ

ਪੜ੍ਹਿਆ ਦਫਤਰੀ ਨੋਟ ਟੈਂਡਰ ਸੈਲ (ਬੀ.ਐਂਡ ਆਰ.) ਮਿਤੀ 21.7.2020 ਜਿਸ ਦੀ ਸ਼ਿਫਾਰਸ਼ ਕਾਰਜਕਾਰੀ ਇੰਜੀਨੀਅਰ ਨੇ ਕੀਤੀ ਹੈ ਕਿ ਉਪਰੋਕਤ ਵਿਸ਼ੇ ਅਧੀਨ ਕੰਮ ਦੇ ਟੈਂਡਰ ਐਨ.ਆਈ.ਟੀ. ਨੰ:472 ਮਿਤੀ:26.02.2019 ਰਾਹੀਂ ਮੰਗੇ ਗਏ ਸਨ। ਇਸ ਕੰਮ ਦੀ ਤਕਨੀਕੀ ਬਿਡ ਮਿਤੀ:21.06.2019 ਨੂੰ ਖੋਲ੍ਹੀ ਗਈ ਅਤੇ ਵਿੱਚ ਕੁੱਲ 7 ਸੋਸਾਇਟੀਆਂ ਵੱਲੋਂ ਭਾਗ ਲਿਆ ਗਿਆ ਪਰੰਤੂ 2 ਸੋਸਾਇਟੀਆਂ ਦੇ ਦਸਤਾਵੇਜਾਂ ਵਿੱਚ ਤਰੁੱਟੀ ਹੋਣ ਕਾਰਨ ਇਹਨਾਂ ਸੋਸਾਇਟੀਆਂ ਦੀ ਤਕਨੀਕੀ ਬਿਡ ਰੱਦ ਕਰ ਦਿੱਤੀ ਗਈ ਅਤੇ ਬਕਾਇਆ ਰਹਿੰਦੀਆਂ 5 ਸੋਸਾਇਟੀਆਂ ਦੀ ਵਿੱਤੀ ਬਿਡ ਮਿਤੀ:15.07.2019 ਨੂੰ ਖੋਲ੍ਹੀ ਗਈ, ਜਿਸ ਵਿੱਚ 2 ਸੋਸਾਇਟੀਆਂ ਦਾਨਿਸ਼ਮੰਦਾ ਸਹਿਕਾਰੀ ਕਿਰਤ ਤੇ ਉਸਾਰੀ ਸਭਾ ਅਤੇ ਭਗਵਤੀ ਸਹਿਕਾਰੀ ਕਿਰਤ ਤੇ ਉਸਾਰੀ ਸਭਾ ਦੇ ਰੇਟ 24.99% ਸਭ ਤੋਂ ਘੱਟ ਪਾਏ ਗਏ ਸਨ। ਇਹਨਾਂ 2 ਸੋਸਾਇਟੀਆਂ ਦੇ ਰੇਟ ਬਰਾਬਰ ਸਨ। ਵਿੱਤ ਅਤੇ ਠੇਕਾ ਕਮੇਟੀ ਵੱਲੋਂ ਮਤਾ ਨੰ: 124 ਮਿਤੀ:19.08.2019 ਰਾਹੀਂ ਫੈਸਲਾ ਲਿਆ ਗਿਆ ਕਿ ਨਿਗਰਾਨ ਇੰਜੀਨੀਅਰ ਆਪਣੇ ਪੱਧਰ ਤੇ ਦੋਨਾਂ ਠੇਕੇਦਾਰਾਂ ਨੂੰ ਬੁਲਾ ਕੇ ਸੇਵਿੰਗ ਸਬੰਧੀ ਨੈਗੋਸਿਏਸ਼ਨ ਕਰ ਲੈਣ ਅਤੇ ਕਮੇਟੀ ਨੂੰ ਉਸ ਬਾਬਤ ਜਾਣਕਾਰੀ ਦਿੱਤੀ ਜਾਵੇ। ਇਸ ਉਪਰੰਤ ਦੋਨਾਂ ਠੇਕੇਦਾਰਾਂ ਨੂੰ ਵੱਖ-ਵੱਖ ਪੱਤਰਾਂ ਰਾਹੀਂ 2 ਵਾਰ ਨੈਗੋਸਿਏਸ਼ਨ ਕਰਨ ਲਈ ਕਿਹਾ ਗਿਆ ਅਤੇ ਜੂਨੀਅਰ ਇੰਜੀਨਅਰ ਵੱਲੋ ਮਿਤੀ:12.12.2019 ਰਾਹੀਂ ਲਿਖਿਆ ਗਿਆ ਕਿ ਕਾਰਜਕਾਰੀ ਇੰਜੀਨੀਅਰ ਵੱਲੋਂ ਮਿਤੀ:18.11.2019 ਨੂੰ ਦੋਨਾਂ ਸੋਸਾਇਟੀਆਂ ਨੂੰ ਬੁਲਾਇਆ ਗਿਆ ਸੀ ਪਰੰਤੂ ਟੈਂਡਰ ਸਬੰਧੀ ਕੋਈ ਫੈਸਲਾ ਨਹੀਂ ਨਿਕਲਿਆ ਤੇ ਇਸ ਲਈ ਇਹ ਟੈਂਡਰ ਦੁਬਾਰਾ ਲਗਾਉਣ ਦੀ ਸਿਫਾਰਸ਼ ਕੀਤੀ ਜਾਂਦੀ ਹੈ।

ਭਗਵਤੀ ਸਹਿਕਾਰੀ ਕਿਰਤ ਅਤੇ ਉਸਾਰੀ ਸਭਾ ਵੱਲੋਂ ਰੇਟ ਵਧਾਉਣ ਸਬੰਧੀ ਪੱਤਰ ਦਿੱਤਾ ਗਿਆ। ਇਸ ਉਪਰੰਤ ਕਾਰਜਕਾਰੀ ਇੰਜੀਨੀਅਰ ਜੀ ਵੱਲੋਂ ਮਿਤੀ:17.02.2020 ਰਾਹੀਂ ਦੋਨਾਂ ਏਜੰਸੀਆਂ ਨੂੰ ਦੁਬਾਰਾ ਬੁਲਾਉਣ ਲਈ ਲਿਖਿਆ ਗਿਆ। ਦਾਨਿਸ਼ਮੰਦਾ ਸਹਿਕਾਰੀ ਕਿਰਤ ਅਤੇ ਉਸਾਰੀ ਸਭਾ ਵੱਲੋਂ ਜਵਾਬ ਦਿੱਤਾ ਗਿਆ ਹੈ ਕਿ ਮਾਰਕਿਟ ਵਿੱਚ ਮਟੀਰੀਅਲ ਦੇ ਰੇਟ ਵੱਧਣ ਕਾਰਨ ਇਹ ਕੰਮ ਕਰਨਾ ਬਹੁਤ ਮੁਸ਼ਕਿਲ ਹੈ ਇਸ ਲਈ ਮੇਰਾ ਕੰਮ ਰੱਦ ਕੀਤਾ ਜਾਵੇ। ਭਗਵਤੀ ਸਹਿਕਾਰੀ ਕਿਰਤ ਅਤੇ ਉਸਾਰੀ ਸਭਾ ਨੂੰ ਬਾਰ-ਬਾਰ ਟੈਲੀਫੋਨ ਰਾਹੀਂ ਟੈਂਡਰਾਂ ਦਾ ਰੇਟ ਸਪਸ਼ਟ ਕਰਨ ਸਬੰਧੀ ਕਿਹਾ ਗਿਆ ਪਰੰਤੂ ਸੋਸਾਇਟੀ ਵੱਲੋਂ ਅਜੇ ਤੱਕ ਇਸ ਬਾਰੇ ਜਵਾਬ ਨਹੀਂ ਦਿੱਤਾ ਗਿਆ।

ਉਪਰੋਕਤ ਨੂੰ ਮੁੱਖ ਰਖਦੇ ਹੋਏ ਇਹ ਟੈਂਡਰ ਰੱਦ ਕਰਨ ਅਤੇ ਦੁਬਾਰ ਰੀ-ਕਾਲ ਕਰਨ ਹਿੱਤ ਪੇਸ਼ ਹੈ । ਨਿਗਰਾਨ ਇੰਜੀਨੀਅਰ (ਬੀ. ਐਂਡ ਆਰ.) ਨੇ ਮਿਤੀ: 18.9.2020 ਰਾਹੀਂ ਉਪਰੋਕਤ ਅਨੁਸਾਰ ਅਗਲੇਰੀ ਕਾਰਵਾਈ ਲਈ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਣ ਹਿਤ ਪੇਸ਼ ਹੈ। ਕਮਿਸ਼ਨਰ ਜੀ ਨੇ ਮਿਤੀ 19.9.2020 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ।

**ਮਾਨਯੋਗ ਮੇਅਰ ਜੀ ਨੇ ਮਿਤੀ 10.10.2020 ਰਾਹੀਂ ਦੋਨਾ ਠੇਕੇਦਾਰਾਂ ਨੂੰ ਵਿੱਤ ਅਤੇ ਠੇਕਾ ਕਮੇਟੀ ਵਿੱਚ ਬੁਲਾਉਣ ਦੇ ਆਦੇਸ਼ ਦਿੱਤੇ ਗਏ ਹਨ।**

ਫੈਸਲਾ:

ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

27.10.2020

ਮਤਾ ਨੰ: 251

ਵਿਸ਼ਾ:- ਨਗਰ ਨਿਗਮ ਜਲੰਧਰ ਦੀਆਂ ਵੱਖ-ਵੱਖ ਮਸ਼ੀਨਾਂ ਨੂੰ ਚਲਾਉਣ ਲਈ ਓਪਰੇਸ਼ਨ ਕੰਟਰੈਕਟ ਕਰਨ ਬਾਰੇ।

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਮਿਤੀ 5.10.2020 ਜਿਸ ਦੀ ਸ਼ਿਫਾਰਸ਼ ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਮਿਤੀ 5.10.2020 ਰਾਹੀਂ ਕੀਤੀ ਹੈ ਕਿ ਉਪਰੋਕਤ ਵਿਸ਼ੇ ਅਧੀਨ ਨਗਰ ਨਿਗਮ ਦੀਆਂ ਵੱਖ-ਵੱਖ ਮਸ਼ੀਨਾਂ ਨੂੰ ਚਲਾਉਣ ਲਈ ਓਪਰੇਸ਼ਨ ਕੰਟਰੈਕਟ ਕਰਨ ਲਈ ਸਾਲਾਨਾ ਤਖਮੀਨਾ ਰੁਪਏ 58,53,208/- ਦਾ ਤਿਆਰ ਕੀਤਾ ਗਿਆ ਸੀ, ਜਿਸ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਵਲੋਂ ਮਤਾ ਨੰਬਰ 148(8) ਮਿਤੀ 24.12.2019 ਰਾਹੀਂ ਦਿੱਤੀ ਗਈ। ਇਸ ਮਤੇ ਦੀ ਅੰਤਿਮ ਪ੍ਰਵਾਨਗੀ ਸਥਾਨਕ ਸਰਕਾਰ ਵਲੋਂ ਆਪਣੇ ਪੱਤਰ ਨੰਬਰ ਸ5-ਡਸਸ-ਮਸਸ-20/7894 ਮਿਤੀ 06.02.2020 ਰਾਹੀਂ ਦਿੱਤੀ ਗਈ ਸੀ।

ਇਸ ਕੰਮ ਲਈ ਵਿਸਥਾਰਪੂਰਵਕ ਐਨ.ਆਈ.ਟੀ ਤਿਆਰ ਕਰਕੇ ਟੈਂਡਰ ਪਹਿਲੀ ਬਾਰੀ ਅਖਬਾਰਾਂ ਅਤੇ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਠੇਕੇਦਾਰਾਂ ਤੋਂ ਮਿਤੀ 28.02.2020 ਲਈ ਮੰਗੇ ਗਏ ਪਰੰਤੂ ਸਿਰਫ ਇੱਕ ਬਿਡ ਪ੍ਰਾਪਤ ਹੋਈ, ਜਿਸ ਨੂੰ ਸਥਾਨਕ ਸਰਕਾਰ ਦੀ ਨੋਟੀਫਿਕੇਸ਼ਨ ਅਨੁਸਾਰ ਘੱਟ ਬਿਡਾਂ ਪ੍ਰਾਪਤ ਹੋਣ ਕਾਰਨ ਰੱਦ ਕਰ ਦਿੱਤਾ ਗਿਆ। ਦੂਸਰੀ ਬਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 26.03.2020 ਲਈ ਮੰਗੇ ਗਏ ਸਨ ਤੇ ਕੋਈ ਵੀ ਟੈਂਡਰ ਪ੍ਰਾਪਤ ਨਹੀਂ ਹੋਇਆ। ਤੀਸਰੀ ਬਾਰੀ ਇਸ ਕੰਮ ਲਈ ਮਿਤੀ 04.05.2020 ਲਈ ਮੰਗੇ ਗਏ ਤੇ ਸਿਰਫ ਇੱਕ ਟੈਂਡਰ ਮੈਸ: ਆਕਾਸ਼ ਗੋਰਮੈਂਟ ਕੰਟਰੈਕਟਰ ਦਾ ਪ੍ਰਾਪਤ ਹੋਇਆ ਜੋ ਕਿ ਤਕਨੀਕੀ ਪਖੋਂ ਮਿਆਰ ਤੇ ਪੂਰਾ ਸੀ ਪਰੰਤੂ ਕੋਵਿਡ-19 ਕਾਰਨ ਪੰਜਾਬ ਸਰਕਾਰ ਵੱਲੋਂ ਲਗੇ ਹੋਏ ਟੈਂਡਰਾਂ ਦੀ ਮਿਆਦ ਸਮੇ-ਸਮੇ ਤੇ ਜਾਰੀ ਨੋਟੀਫਿਕੇਸ਼ਨਾਂ ਅਨੁਸਾਰ ਵੱਧਾ ਦਿੱਤੀ ਗਈ ਸੀ।

ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 18409-11 ਮਿਤੀ 07.05.2020 ਅਨੁਸਾਰ ਓਪਰੇਸ਼ਨ ਅਤੇ ਮੇਨਟੀਨੈਂਸ ਦੇ ਜਰੂਰੀ ਕੰਮਾਂ ਦੇ ਟੈਂਡਰਾਂ ਨੂੰ ਪ੍ਰੋਸੈਸ ਕਰਨ ਵਾਸਤੇ ਰਿਆਇਤ ਦਿੱਤੀ ਗਈ। ਜਿਸ ਦੀ ਪਾਲਣਾ ਕਰਦੇ ਹੋਏ ਇਸ ਟੈਂਡਰ ਦੀ ਵਿੱਤੀ ਬਿਡ ਖੋਲਣ ਦੀ ਪ੍ਰਵਾਨਗੀ ਮਾਨਯੋਗ ਕਮਿਸ਼ਨਰ ਸਾਹਿਬ ਜੀ ਵਲੋਂ ਆਪਣੇ ਹੁਕਮ ਮਿਤੀ 14.05.2020 ਰਾਹੀਂ ਦਿੱਤੀ ਸੀ। ਇਸ ਕੰਮ ਵਿੱਚ ਠੇਕੇਦਾਰ ਵਲੋਂ ਸੇਵਿੰਗ 0.25% ਦਿੱਤੀ ਗਈ, ਜਿਸ ਅਨੁਸਾਰ ਵਿਸ਼ੇ ਅਧੀਨ ਕੰਮ ਤਖਮੀਨਾ ਰੁਪਏ 58,53,208/- ਦੇ ਵਿਰੁੱਧ ਰੁਪਏ 58,52,274/- ਵਿੱਚ ਕੀਤਾ ਜਾਣਾ ਸੀ। ਸਥਾਨਕ ਸਰਕਾਰ ਵਿਭਾਗ ਦੀਆਂ SOP ਦੀਆਂ ਸ਼ਰਤਾਂ ਅਨੁਸਾਰ ਰੁਪਏ 50.00 ਲੱਖ ਤੋਂ ਉਪਰ ਦੇ ਕੰਮਾਂ ਦੀ ਵਿੱਤੀ ਪ੍ਰਵਾਨਗੀ ਚੀਫ ਇੰਜੀਨੀਅਰ, ਸਥਾਨਕ ਸਰਕਾਰ ਜੀ ਵਲੋਂ ਦਿੱਤੀ ਜਾਂਦੀ ਹੈ। ਇਸ ਲਈ ਟੈਂਡਰ ਦੀ ਵਿੱਤੀ ਪ੍ਰਵਾਨਗੀ ਲੈਣ ਲਈ ਚੀਫ ਇੰਜੀਨੀਅਰ, ਸਥਾਨਕ ਸਰਕਾਰ ਜੀ ਨੂੰ ਇਸ ਦਫਤਰ ਵਲੋਂ ਪੱਤਰ 270/ਸੀ.ਈ/ਡਬਲਯੂ.ਐਸ/ਜੀ ਮਿਤੀ 27.05.2020 ਰਾਹੀਂ ਲਿਖਿਆ ਗਿਆ ਸੀ। ਇਸ ਉਪਰੰਤ ਚੀਫ ਇੰਜੀਨੀਅਰ, ਸਥਾਨਕ ਸਰਕਾਰ ਜੀ ਨਾਲ ਉਪਰੋਕਤ ਕੇਸ ਡਿਸਕਸ ਕਰਨ ਉਪਰੰਤ ਉਨ੍ਹਾਂ ਵਲੋਂ ਦਸਿਆ ਗਿਆ ਕਿ ਇਸ ਤਖਮੀਨੇ ਵਿੱਚ ਨਗਰ ਨਿਗਮ ਵੱਲੋਂ 10% ਕੰਟਰੈਕਟਰ ਪ੍ਰੋਫਿਟ ਲਗਾਇਆ ਗਿਆ ਹੈ, ਜੱਦ ਕਿ ਸਥਾਨਕ ਸਰਕਾਰ ਵੱਲੋਂ ਕੰਟਰੈਕਟਰ ਪ੍ਰੋਫਿਟ 2.50% ਮੰਜੂਰ ਹੈ, ਇਸ ਲਈ ਇਸ ਟੈਂਡਰ ਨੂੰ ਰੱਦ ਕਰਕੇ ਦੋਬਾਰਾ ਲਗਾਉਣਾ ਜਰੂਰੀ ਹੈ।

ਕਿਉਂ ਜੋ ਉਪਰੋਕਤ ਕੰਮ ਦਾ ਪਿਛਲਾ ਤਖਮੀਨਾ ਖਤਮ ਹੋਣ ਕਰਕੇ ਇਹ ਕੰਮ ਲੋਕ ਹਿੱਤ ਵਿੱਚ ਕਰਵਾਉਣਾ ਅਤਿ ਜਰੂਰੀ ਸੀ ਅਤੇ ਜੇਕਰ ਇਸ ਕੰਮ ਵਾਸਤੇ ਦੋਬਾਰਾ ਟੈਂਡਰ ਲਗਾਏ ਜਾਂਦੇ ਤਾਂ ਇਹ ਕੰਮ ਕਰਵਾਉਣ ਵਿੱਚ ਹੋਰ ਜਿਆਦਾ ਸਮਾਂ ਲਗ ਸਕਦਾ ਸੀ। ਇਸ ਲਈ ਉਪਰੋਕਤ ਤਖਮੀਨੇ ਅਧੀਨ ਮੈਸਰਜ਼ Gretis India Pvt. Ltd. Zirakpur ਜੋ ਕਿ ਸਥਾਨਕ ਸਰਕਾਰ ਵਿਭਾਗ ਵਲੋਂ ਮੰਜੂਰਸ਼ੁਦਾ ਆਊਟ ਸੋਰਸ ਅਜੰਸੀ ਹੈ, ਨਾਲ ਸਿੱਧਾ ਐਗਰੀਮੈਂਟ ਕਰਕੇ ਮੈਨਪਾਵਰ ਰਖਣ ਵਾਸਤੇ ਨਗਰ ਨਿਗਮ ਜਲੰਧਰ ਵੱਲੋਂ ਈ-ਮੇਲ ਮਿਤੀ 20.04.2020 ਰਾਹੀਂ ਮੈਸਰਜ਼ Gretis India Pvt. Ltd. Zirakpur ਤੋ ਉਪਰੋਕਤ ਸਟਾਫ ਬਾਰੇ ਕੁਟੇਸ਼ਨ ਮੰਗੀ ਗਈ ਸੀ, ਜਿਸ ਅਨੁਸਾਰ ਉਹਨਾ ਵੱਲੋਂ ਜੋ ਰੇਟ ਕੋਟ ਕੀਤਾ ਗਿਆ ਹੈ, ਉਸ ਵਿੱਚ ਉਹਨਾ ਵੱਲੋਂ 2.50% ਕੰਟਰੈਕਟ ਪ੍ਰੋਫਿਟ ਦੀ ਮੰਗ ਕੀਤੀ ਗਈ ਸੀ। ਇਸ ਤਜਵੀਜ ਨੂੰ ਮਾਨਯੋਗ ਕਮਿਸ਼ਨਰ ਜੀ ਕੋਲ ਨਿਗਰਾਨ ਇੰਜੀਨੀਅਰ ਵਲੋਂ ਮਿਤੀ 18.06.2020 ਨੂੰ ਮੈਸਰਜ਼ Gretis India Pvt. Ltd. Zirakpur ਨਾਲ ਐਗਰੀਮੈਂਟ ਕਰਨ ਲਈ ਸ਼ਿਫਾਰਸ਼ ਕੀਤੀ ਗਈ ਪਰੰਤੂ ਮਾਨਯੋਗ ਕਮਿਸ਼ਨਰ ਜੀ ਵਲੋਂ ਮਿਤੀ 24.06.2020 ਰਾਹੀਂ ਇਨ੍ਹਾਂ ਟੈਂਡਰ ਨੂੰ ਰੱਦ ਕਰਕੇ ਰੀ-ਕਾਲ ਕਰਨ ਦੇ ਹੁਕਮ ਜਾਰੀ ਕੀਤੇ ਗਏ। ਇਨ੍ਹਾਂ ਹੁਕਮਾਂ ਦੀ ਪਾਲਣਾ ਕਰਦੇ ਹੋਏ ਇਸ ਕੰਮ ਦੇ ਟੈਂਡਰ ਦੇ ਤਖਮੀਨੇ ਵਿੱਚ 2.50% ਕੰਟਰੈਕਟਰ ਪ੍ਰੋਫਿਟ ਨਾਲ ਸੋਧ ਕਰਕੇ ਚੋਥੀ ਬਾਰੀ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 09.07.2020 ਲਈ ਮੰਗੇ ਗਏ ਤੇ ਕੇਵਲ ਇੱਕ ਟੈਂਡਰ M/s Akash Govt. Contractor ਦਾ ਪ੍ਰਾਪਤ ਹੋਇਆ ਜੋ ਕਿ ਤਕਨੀਕੀ ਪਖੋਂ ਮਿਆਰ ਤੇ ਪੂਰਾ ਸੀ। ਇਸ ਲਈ ਇਸ ਦੀ ਵਿੱਤੀ ਬਿਡ ਖੋਲੀ ਗਈ, ਜਿਸ ਅਨੁਸਾਰ ਵਿਸ਼ੇ ਅਧੀਨ ਕੰਮ 0.11% ਦੀ ਸੇਵਿੰਗ ਨਾਲ ਰੁਪਏ 58,53,208/- ਦੇ ਵਿਰੁੱਧ ਰੁਪਏ 58,53,103/- ਵਿੱਚ ਕੀਤਾ ਜਾਣਾ ਸੀ। ਕਿਉਂ ਜੋ ਸਥਾਨਕ ਸਰਕਾਰ ਪੰਜਾਬ ਦੀਆਂ SOP ਦੀਆਂ ਸ਼ਰਤਾਂ ਅਨੁਸਾਰ ਰੁਪਏ 50.00 ਲੱਖ ਤੋਂ ਉਪਰ ਦੇ ਕੰਮਾਂ ਦੀ ਵਿੱਤੀ ਪ੍ਰਵਾਨਗੀ ਚੀਫ ਇੰਜੀਨੀਅਰ, ਸਥਾਨਕ ਸਰਕਾਰ ਜੀ ਵਲੋਂ ਦਿੱਤੀ ਜਾਣੀ ਹੈ,ਇਸ ਲਈ ਉਪਰੋਕਤ ਕੰਮ ਦੇ ਪ੍ਰਾਪਤ ਹੋਏ ਟੈਂਡਰ ਦੀ ਵਿੱਤੀ ਪ੍ਰਵਾਨਗੀ ਲੈਣ ਵਾਸਤੇ ਇਸ ਦਫਤਰ ਵਲੋਂ ਪੱਤਰ ਨੰਬਰ 357/ਸੁਪਰਡੰਟ/ਡਬਲਯੂ ਮਿਤੀ 30.07.2020 ਰਾਹੀਂ ਚੀਫ ਇੰਜੀਨੀਅਰ, ਸਥਾਨਕ ਸਰਕਾਰ ਜੀ ਨੂੰ ਪੱਤਰ ਲਿਖਿਆ ਗਿਆ, ਜਿਸ ਉਪਰੰਤ ਇੰਜੀਨੀਅਰ-ਇਨ-ਚੀਫ ਸਥਾਨਕ ਸਰਕਾਰ ਵਿਭਾਗ ਜੀ ਵਲੋਂ ਆਪਣੇ ਪੱਤਰ ਨੰਬਰ ਈ.ਆਈ.ਸੀ-2020/ 36941 ਮਿਤੀ 18.09.2020 ਰਾਹੀਂ ਇਸ ਨੂੰ ਵੈਟ ਕਰਨ ਉਪਰੰਤ ਪ੍ਰਵਾਨਗੀ ਦਿੱਤੀ ਗਈ ਹੈ। ਕਿਉਂ ਜੋ ਲੋਕ ਹਿੱਤ ਨੂੰ ਮੁੱਖ ਰੱਖਦੇ ਹੋਏ ਵਿਸ਼ੇ ਅਧੀਨ ਕੰਮ ਨੂੰ ਨਿਰਵਿਘਨ ਚਲਾਉਣਾ ਅਤਿ ਜਰੂਰੀ ਹੈ, ਇਸ ਲਈ ਉਪਰੋਕਤ ਅਨੁਸਾਰ ਪ੍ਰਾਪਤ ਹੋਏ ਟੈਂਡਰ ਦੀ ਅੰਤਿਮ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਦੇਣ ਦੀ ਸਿਫਾਰਸ਼ ਕੀਤੀ ਹੈ। ਸੰਯੁਕਤ ਕਮਿਸ਼ਨਰ (ਆਈ) ਨੇ ਮਿਤੀ 6.10.2020 ਰਾਹੀਂ ਸਹਿਮਤੀ ਪ੍ਰਗਟਾਈ ਹੈ । ਕਮਿਸ਼ਨਰ ਜੀ ਨੇ ਮਿਤੀ 7.10.2020 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਨੇ ਮਿਤੀ 10.10.2020 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ:

ਵਿਚਾਰਨ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

27.10.2020

ਮਤਾ ਨੰ: 252

ਵਿਸ਼ਾ:- ਸੁਪਰ ਸਕੱਰ ਮਸ਼ੀਨਾਂ ਰਾਹੀਂ ਸੀ.ਸੀ.ਟੀ.ਵੀ ਕੈਮਰੇ ਦੀ ਮਦਦ ਨਾਲ ਰੇਰੂ ਸਕੂਲ ਟੂ ਪਰਸ਼ੁਰਾਮ ਚੌਕ ਤੱਕ ਡੀ-ਸਿਲਟਿੰਗ ਕਰਵਾਉਣ ਬਾਰੇ।

ਤਖਮੀਨਾ ਰੁਪਏ 33,60,000/- (ਸਮੇਤ ਜੀ.ਐਸ.ਟੀ ਜੇਕਰ ਇਸ ਕੰਮ ਤੇ ਐਪਲੀਕੇਵਲ ਹੋਵੇਗਾ )
ਅਜੰਸੀ ਦਾ ਨਾਮ:- ਮੈਸਰਜ਼ APESPL-IBA JV, (Aryan Pumps Enviro Solution Pvt.Ltd- Inderjit Bajaj & Associates JV) Pune

ਸੀਵਰੇਜ਼ ਬੋਰਡ ਨੇ ਅਪਣੇ ਪਿਠਅੰਕਨ ਨੰ: 3351 ਮਿਤੀ 17.10.17 ਰਾਹੀਂ ਨਗਰ ਨਿਗਮ ਜਲੰਧਰ ਨੂੰ ਸੂਚਿਤ ਕੀਤਾ ਹੈ ਕਿ ਸਥਾਨਕ ਸਰਕਾਰ ਦੀ ਪੱਧਰ ਤੇ ਮੈਸਰਜ਼ APESPL-IBA JV, (Aryan Pumps Enviro Solution Pvt.Ltd- Inderjit Bajaj & Associates JV) Pune ਨਾਲ ਸੁਪਰ ਸਕੱਰ ਮਸ਼ੀਨਾਂ ਰਾਹੀਂ ਸੀ.ਸੀ.ਟੀ.ਵੀ ਕੈਮਰੇ ਦੀ ਮਦਦ ਨਾਲ ਸ਼ਹਿਰ ਦੇ ਵੱਖ-ਵੱਖ ਸੀਵਰਾਂ ਦੀ ਡੀ-ਸਿਲਟਿੰਗ ਕਰਵਾਉਣ ਲਈ ਰੇਟ ਕੰਟਰੈਕਟ ਕੀਤਾ ਗਿਆ ਹੈ (ਕਾਪੀ ਨਾਲ ਨੱਥੀ ਹੈ)। ਇਸ ਪੱਤਰ ਦੇ ਲੜੀ ਨੰ: 10 ਤੇ ਸਪਸ਼ਟ ਕੀਤਾ ਗਿਆ ਹੈ (You will be given first preference at the time of award of the job till you show inability after your capacity is exhausted)

ਵਿਸ਼ੇ ਅਧੀਨ ਕੰਮ ਕਰਵਾਉਣ ਵਾਸਤੇ ਮਾਨਯੋਗ ਮੇਅਰ ਜੀ ਵੱਲੋਂ ਇਨਐਂਟੀਸਿਪੇਸ਼ਨ ਅਪਰੂਵਲ ਆਫ ਹਾਉਸ ਮਿਤੀ 25.08.17 ਰਾਹੀਂ ਤਖਮੀਨਾ ਰੁਪਏ 33,60,000/- ਦੀ ਪ੍ਰਵਾਨਗੀ ਦਿੱਤੀ ਹੈ।

ਸਥਾਨਕ ਸਰਕਾਰ ਵੱਲੋਂ ਪ੍ਰਵਾਨਿਤ ਰੇਟ ਕੰਟਰੈਕਟ ਨੂੰ ਮੁੱਖ ਰੱਖਦੇ ਹੋਏ ਉਪਰੋਕਤ ਕੰਮ ਮੈਸਰਜ਼ APESPL-IBA JV, (Aryan Pumps Enviro Solution Pvt.Ltd- Inderjit Bajaj & Associates JV) Pune ਤੋਂ ਕਰਵਾਉਣ ਲਈ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਲੋੜੀਂਦੀ ਹੈ ਜੀ। ਪ੍ਰਵਾਨਗੀ ਉਪਰੰਤ ਸਥਾਨਕ ਸਰਕਾਰ ਵਲੋਂ ਪ੍ਰਵਾਨਿਤ ਰੇਟ ਕੰਟਰੈਕਟ ਦੇ ਰੇਟਾਂ ਅਤੇ ਟਰਮਜ਼ ਕੰਡੀਸ਼ਨਜ਼ ਅਨੁਸਾਰ ਵਰਕ ਆਰਡਰ ਜਾਰੀ ਕੀਤਾ ਜਾਵੇਗਾ ਜੀ। ਕਾਰਜਕਾਰੀ ਇੰਜੀਨੀਅਰ (ਓ ਐਂਡ ਐਮ) ਨੇ ਮਿਤੀ: 14.9.2020 ਰਾਹੀਂ ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਓ ਐਂਡ ਐਮ) ਨੇ ਮਿਤੀ: 14.9.2020 ਰਾਹੀਂ ਅਪਣੀ ਸਹਿਮਤੀ ਦਿੱਤੀ ਹੈ।ਸੰਯੁਕਤ ਕਮਿਸ਼ਨਰ (ਈ) ਨੇ ਮਿਤੀ 15.9.2020 ਰਾਹੀਂ ਸਹਿਮਤੀ ਪ੍ਰਗਟਾਈ ਹੈ । ਕਮਿਸ਼ਨਰ ਜੀ ਨੇ ਮਿਤੀ 15.9.2020 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ । ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 10.10.2020 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
27.10.2020

ਮਤਾ ਨੰ: 253

ਵਿਸ਼ਾ:- Setting up of the City Livellhood Cente at Jalandhar under Nulm Scheme. ਈ- ਟੈਂਡਰਿੰਗ ਪ੍ਰਵਾਨਗੀ ਹਿੱਤ।

ਤਖਮੀਨਾਂ ਰੁਪਏ:- 2,66,000/- ਟੈਂਡਰ ਅਮਾਉਂਟ ਰੁਪਏ : 2,55,130/-
ਸੇਵਿੰਗ Rate wise as mentioned in Price bid.
ਕੁੱਲ ਪ੍ਰਾਪਤ ਟੈਂਡਰ :- 3 (ਪਹਿਲੀ ਬਾਰੀ) ਅਜੰਸੀ ਦਾ ਨਾਂਮ :- M/s Hari Construction Company
PAN BDQPS639L

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਕੋਵਿਡ-19 ਫੈਲਾਅ ਕਾਰਨ ਮਧ ਵਰਗ ਅਤੇ ਅਮੀਰ ਲੋਕਾ ਵੱਲੋ ਗਰੀਬ ਸਕਿਲਡ ਅਸੰਗਠਿਤ ਵਰਕਰਾਂ ਦੀ ਸਰਵਿਸ ਲੈਣ ਤੋ ਪ੍ਰਹੇਜ਼ ਕੀਤਾ ਜਾਂਦਾ ਹੈ। ਸਰਕਾਰ ਵੱਲੋ ਸਿਟੀ ਲਾਈਵਲੀਹੁਡ ਸੈਂਟਰ ਸਥਾਪਿਤ ਕਰਨ ਦਾ ਅਸਲ ਮਕਸਦ ਇਹ ਹੈ ਕਿ ਸਕਿਲਡ ਗਰੀਬ ਲੋਕ ਹਨ ਉਹਨਾ ਨੂੰ ਸੰਗਠਿਤ ਸੈਕਟਰ ਵਿੱਚੋ ਲਿਆ ਕੇ ਉਹਨਾਂ ਲਈ ਰੋਜਗਾਰ ਦੇ ਅਵਸਰ ਉਤਪਨ ਕੀਤੇ ਜਾਣ । ਇਸ ਸਿਟੀ ਲਾਈਵਲੀਹੁੱਡ ਸੈਂਟਰ ਨੂੰ ਸਥਾਪਤ ਕਰਨ ਵਾਸਤੇ ਇਕ ਤਖਮੀਨਾ ਰੁਪਏ 2,66,000/- ਦਾ ਤਿਆਰ ਕੀਤਾ ਗਿਆ ਹੈ।ਜਿਸ ਨੂੰ ਮੇਅਰ ਜੀ ਨੇ ਮਿਤੀ 16.7.2020 ਨੂੰ ਇਨਐਂਟੀਸਿਪੇਸ਼ਨ ਅਪਰੂਵਲ ਆਫ ਹਾਊਸ ਦਿੱਤੀ ।

ਇਸ ਕੰਮ ਦੇ ਟੈਂਡਰ ਪਹਿਲੀ ਬਾਰੀ ਅਖਬਾਰਾ ਅਤੇ ਈ- ਟੈਂਡਰਿੰਗ ਪ੍ਰਨਾਲੀ ਰਾਹੀ ਟੂ ਸਟੇਜ਼ ਸਿਸਟਮ ਅਧੀਨ ਠੇਕੇਦਾਰ ਤੋ ਮਿਤੀ 17-08-2020 ਰਾਹੀ ਮੰਗੇ ਗਏ,ਕੁੱਲ 3 ਟੈਂਡਰ ਪ੍ਰਾਪਤ ਹੋਏ। ਇਹਨਾਂ ਟੈਂਡਰਾ ਦੀਆਂ ਤਕਨੀਕੀ ਬਿਡਾ ਟੇਕਨੀਕਲ ਇਵੈਲੁਏਸ਼ਨ ਟੀਮ ਵੱਲੋ ਘੋਖੀਆਂ ਗਈਆਂ ਜ਼ੋ ਕਿ ਮਿਆਰ ਪੱਖੋ ਪੂਰਿਆ ਕਰਨ ਇਹਨਾਂ ਦੀਆ ਵਿੱਤੀ ਬਿਡਾਂ ਖੋਲੀਆ ਗਈਆ ਅਤੇ ਤੁਲਨਾਂਤਮਕ ਸੂਚੀ ਬਣਾਉਣ ਤੇ ਉਪਰੋਕਤ ਅਜੰਸੀ ਦਾ ਰੇਟ ਸਬ ਤੋ ਘੱਟ ਪਾਇਆ ਗਿਆ। ਇਸ ਅੰਜਸੀ ਵਿਸੇ ਅਧੀਨ ਕੰਮ ਤਖਮੀਨਾਂ ਰੁਪਏ 2,66,000/- ਵਿਰੁਧ ਦੀ ਸੇਵਿੰਗ Rate wise as mentioned in Price bid ਨਾਲ ਰੁਪਏ 2,55,130/- ਵਿੱਚ ਕੰਮ ਕਰੇਗੀ।ਉਪਰੋਕਤ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਰੱਖਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ ਜੀ।ਸੁਪਰਡੰਟ ਸਟੋਰ ਵਲੋਂ ਮਿਤੀ 24.8.2020 ਰਾਹੀਂ ਟੈਂਡਰ ਪ੍ਰਵਾਨਗੀ ਦੀ ਸਿਫਾਰਸ਼ ਕੀਤੀ ਹੈ । ਕਮਿਸ਼ਨਰ ਜੀ ਨੇ ਮਿਤੀ 31.8.2020 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਨੇ ਮਿਤੀ 7.10.2020 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

27.10.2020